SORT & ROLL

Curbside Collection Program




# ਸਿਟੀ ਆਫ ਐਬਟਸਫੋਰਡ

# ਕਰਬਸਾਈਡ ਕਾਰਟ ਕੁਲੈਕਸ਼ਨ ਗਾਈਡ

## ਸਮਾਂ-ਸੂਚੀ ਲਾਗੂ 1 ਜਨਵਰੀ ਤੋਂ 31 ਦਸੰਬਰ 2024 ਤੱਕ

**ENGINEERING & REGIONAL UTILITIES**

604-864-5640 abbotsford.ca/waste

ABBOTSFORD

# 2024
## ਕਰਬਸਾਈਡ ਕੁਲੈਕਸ਼ਨ ਗਾਈਡ

ਇਹ ਗਾਈਡ ਸਾਰੇ ਸਿੰਗਲ–ਫੈਮਿਲੀ ਘਰਾਂ ਅਤੇ ਡੂਪਲੈਕਸ ਰਿਹਾਇਸ਼ਾਂ ਲਈ ਹੈ ਜੋ ਐਬਟਸਫੋਰਡ ਸਿਟੀ ਵਿੱਚ ਕਰਬਸਾਈਡ ਕਲੈਕਸ਼ਨ ਪ੍ਰਾਪਤ ਕਰਦੇ ਹਨ।

ਸਿਟੀ ਕਰਬ ‘ਤੇ ਤਿੰਨ ਤਰੀਕੇਆਂ ਨਾਲ ਰਿਹਾਇਸ਼ੀ ਕੂੜਾ ਇਕੱਠਾ ਕਰਦਾ ਹੈ, ਜੋ ਕਿ ਹੰਨ ਰੀਸਾਈਕਲਿੰਗ, ਗਾਰਬੇਜ ਅਤੇ ਕੰਮਪੋਸਟਯੋਗ। ਹਰ ਤਰੀਕੇ ਲਈ ਕਾਰਟਾਂ ਦਿਤੀਆਂ ਜਾਂਦੀਆਂ ਹੈ।

ਸਵੀਕਾਰਯੋਗ ਸਮੱਗਰੀ ਅਤੇ ਕੂੜਾ ਨੂੰ ਅੱਡ ਅੱਡ ਕਰਨ ਵਾਲੀ ਜਾਣਕਾਰੀ ਇਸ ਗਾਇਡਿ ਵਿੱਚ ਦਿੱਤੀ ਗਈ ਹੈ। ਤੁਹਾਡੇ 2024 ਕੁਲੈਕਸ਼ਨ ਚੁਕਣ ਦਾ ਸਮਾਂ ਪੰਨਾ 14 ਤੋਂ ਸ਼ੁਰੂ ਹੁੰਦਾ ਹੈ, ਜਾਂ ਤੁਸੀ ਕਾਪੀ ਆਨਲਾਈਨ ਡਾਊਨਲੋਡ ਕਰ ਸਕਦੇ ਹੋ, ਇਥੇ: **www.abbotsford.ca/collectionschedule.**

ਕੂੜੇ ਦੀ ਅੱਡ ਅੱਡ ਕਰਨ ਵਾਲੀ ਵਾਧੂ ਜਾਣਕਾਰੀ ਸ਼ਹਿਰ ਦੇ ਵੈਬਸਾਈਟ ‘ਤ ਇਥੇ ਦਿੱਤੀ ਗਈ ਹੈ: **www.abbotsford.ca/waste**.

ਤੁਸੀ ਸਾਡੇ ਨਾਲ **sortyourwaste@abbotsford.ca** ਤੇ ਸੰਪਰਕ ਕਰ ਸਕਦੇ ਹੋ ਜੇਕਰ ਤੁਹਾਡੇ ਕੋਈ ਸਵਾਲ ਹਨ ਜਿਸਦਾ ਜਵਾਬ ਇਹ ਗਾਈਡ ਵਿੱਚ ਨਹੀਂ ਦਿੱਤਾ ਗਿਆ ਹੈ।

ਸਾਡੇ ਨਾਲ ਰੋਲ ਕਰਨ ਲਈ ਧੰਨਵਾਦ, ਐਬਟਸਫੋਰਡ !

# ਵਿਸ਼ੇ

## ਇਸ ਗਾਈਡ ਵਿਚਲੇ ਸੈਕਸ਼ਨ


ਕਾਰਟ .................................................... 4
ਰੀਸਾਈਕਲਿੰਗ.................................................... 8
ਕੰਮਪੋਸਟਯੋਗ.................................................... 11
ਗਾਰਬੇਜ .................................................... 12
ਜੰਗਲੀ ਜੀਵ ਅਤੇ ਕੂੜਾ ਕਰਕਟ .................................... 13
2024 ਕੁਲੈਕਸ਼ਨ ਕੈਲੰਡਰ: ਸਿਟੀ ਕੁਲੈਕਸ਼ਨ ............................ 14
2024 ਕੁਲੈਕਸ਼ਨ ਕੈਲੰਡਰ: ਕਾਂਟਰੈਕਟਰ ਕੁਲੈਕਸ਼ਨ ........................ 16
ਮਹੱਤਵਪੂਰਨ ਜਾਣਕਾਰੀ.................................................... 18


### ਕੀ ਤੁਸੀ ਜਾਣਦੇ ਹੋ?

ਸਿਟੀ ਆਫ ਐਬਟਸਫੋਰਡ ਸ਼ਹਿਰ ਭਰ ਵਿੱਚ 26,500 ਸਿੰਗਲ ਫੈਮਿਲੀ ਘਰਾਂ ਅਤੇ ਡੁਪਲੈਕਸਾਂ ਲਈ ਸਵੈਚਲਿਤ ਕਾਰਟ-ਅਧਾਰਿਤ ਕੁਲੈਕਸ਼ਨ ਪ੍ਰਦਾਨ ਕਰਦਾ ਹੈ।

2023 ਵਿੱਚ




## ਸਹੀ ਢੰਗ ਨਾਲ ਰੀਸਾਈਕਲ ਕਰੋ ਅਤੇ ਇੱਕ ਸਟਾਰ ਪ੍ਰਾਪਤ ਕਰੋ

ਕਰਬਸਾਈਡ ਕਾਰਟ ਆਡਿਟ ਹੁਣ ਚੱਲ ਰਹੇ ਹਨ! ਸਿਟੀ ਸਟਾਫ਼ ਰੀਸਾਈਕਲਿੰਗ ਪ੍ਰਦੂਸ਼ਣ ਨੂੰ ਘਟਾਉਣ ਦੀ ਕੋਸ਼ਿਸ਼ ਵਿੱਚ ਕਾਰਟਾਂ ਦੀ ਜਾਂਚ ਕਰਨ ਲਈ ਪਿਕ-ਅੱਪ ਵਾਲੇ ਦਿਨ ਗੁਆਂਢ-ਭਾਈਚਾਰਿਆਂ ਦਾ ਦੌਰਾ ਕਰੇਗਾ।

ਆਪਣੇ ਕਾਰਟ ਵਿੱਚ ਸਿਰਫ਼ ਸਵੀਕਾਰਯੋਗ ਸਮੱਗਰੀਆਂ ਪਾਉਣ ਦੁਆਰਾ ਆਪਣੇ ਨੀਲੇ ਰੀਸਾਈਕਲ ਵਾਲੇ ਕਾਰਟ ਲਈ ਇੱਕ ਸਟਾਰ ਸਟਿੱਕਰ ਪ੍ਰਾਪਤ ਕਰੋ। ਇਨਾਮ ਜਿੱਤਣ ਲਈ ਕਿਊ ਆਰ ਕੋਡ ਨੂੰ ਸਕੈਨ ਕਰੋ!




ਰੀਸਾਈਕਲਿੰਗ ਸਟਾਰ ਬਣੋ!

# ਕਾਰਟ

## ਸਹੀ ਢੰਗ ਨਾਲ ਅੱਡ ਅੱਡ ਕਰੋ

ਆਪਣੇ ਕੂੜੇ ਕਰਕਟ ਨੂੰ ਇੰਨਾਂ 'ਚੋਂ ਕਿਸੇ ਇੱਕ ਸਟ੍ਰੀਮ 'ਚ ਅੱਡ ਅੱਡ ਕਰੋ।

### ਰੀਸਾਈਕਲਿੰਗ

ਕੰਟੇਨਰ, ਅਖ਼ਬਾਰਾਂ, ਪੈਕੇਜਿੰਗ ਅਤੇ ਕਾਗਜ਼ ਉਤਪਾਦਨ। ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।

### ਕੰਪੋਸਟੇਬਲ

ਭੋਜਨ ਦੀ ਰਹਿੰਦ ਖੂੰਹਦ, ਭੋਜਨ ਨਾਲ ਲਿੱਬੜੇ ਕਾਗਜ਼ ਅਤੇ ਯਾਰਡ ਦੀ ਕਾਂਟ-ਛਾਂਟ। ਹਫਤਾਵਾਰੀ ਚੁੱਕਿਆ ਜਾਂਦਾ ਹੈ।

### ਗਾਰਬੇਜ


ਕੂੜਾ ਕਰਕਟ ਜੋ ਕੰਪੋਸਟ ਜਾਂ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ। ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।

### ਸੁੱਟ ਸਕਣਾ

ਰੀਸਾਈਕਲਿੰਗ ਡਿੱਪੂ, ਟ੍ਰਾਂਸਫਰ ਸਟੇਸ਼ਨ ਜਾਂ ਹੋਰ ਡਰਾਪ ਆਫ ਟਿਕਾਣੇ 'ਤੇ ਸਵੀਕਾਰ ਕੀਤੀ ਜਾਂਦੀ ਸਮੱਗਰੀ।

## ਕਾਰਟਾਂ ਦੇ ਸਾਈਜ਼ ਅਤੇ ਕਿਸਮਾਂ

ਰੀਸਾਈਕਲ, ਕੰਪੋਸਟ ਅਤੇ ਗਾਰਬੇਜ ਲਈ ਕਾਰਟ ਤਿੰਨ ਸਾਈਜ਼ਾਂ ਵਿੱਚ ਉਪਲਬਧ ਹਨ। ਰਿੱਛ-ਨਿਰੋਧਕ ਕਾਰਟਾਂ ਲਈ ਵੀ ਬੇਨਤੀ ਕੀਤੀ ਜਾ ਸਕਦੀ ਹੈ ਪਰ ਉਹ ਸਿਰਫ 240 ਲੀਟਰ ਸਾਈਜ਼ ਵਿੱਚ ਹੀ ਉਪਲਬਧ ਹਨ।




ਕਿਸੇ ਵੀ ਪ੍ਰਾਪਰਟੀ ਲਈ ਮੌਜੂਦਾ ਕਾਰਟ ਬਦਲਣ ਦੀਆਂ ਬੇਨਤੀਆਂ 12 ਮਹੀਨਿਆਂ ਦੇ ਸਮੇਂ ਵਿੱਚ ਸਿਰਫ ਇੱਕ ਵਾਰ ਸਵੀਕਾਰ ਕੀਤੀਆਂ ਜਾਂਦੀਆਂ ਹਨ। ਕਿਰਪਾ ਕਰਕੇ ਨੋਟ ਕਰੋ ਕਿ ਕਾਰਟ ਦਾ ਸਾਈਜ਼, ਗਿਣਤੀ ਜਾਂ ਕਿਸਮ ਠੋਸ ਕੂੜਾ ਕਰਕਟ ਚੁੱਕਣ ਦੀ ਤੁਹਾਡੀ ਵਰਤੋਂ ਫੀਸ ਨੂੰ ਪ੍ਰਭਾਵਿਤ ਕਰ ਸਕਦਾ ਹੈ।


**ਹੋਰ ਜਾਣਕਾਰੀ ਲਈ abbotsford.ca/carts 'ਤੇ ਜਾਉ।**

## ਗੁੰਮ ਜਾਂ ਨੁਕਸਾਨ-ਗ੍ਰਸਤ ਕਾਰਟ

ਕਾਰਟ ਦੀ ਥਾਵੇਂ ਹੋਰ ਕਾਰਟ ਲੈਣ ਦੀ ਬੇਨਤੀ ਕਰਨ ਵਾਸਤੇ ਜਾਂ ਗੁੰਮ ਜਾਂ ਚੋਰੀ ਹੋਏ ਕਾਰਟ ਦੀ ਰਿਪੋਰਟ ਕਰਨ ਵਾਸਤੇ 604-864-5640 'ਤੇ ਕਾਲ ਕਰੋ ਜਾਂ abbotsford.ca/service 'ਤੇ ਜਾਉ।

## ਨਵੀਂ ਰਿਹਾਇਸ਼ ਵਿੱਚ ਜਾਣਾ

ਕਿਰਪਾ ਕਰਕੇ ਉਹਨਾਂ ਕਾਰਟਾਂ ਦੀ ਵਰਤੋਂ ਕਰੋ ਜੋ ਪਹਿਲਾਂ ਤੋਂ ਤੁਹਾਡੀ ਪ੍ਰਾਪਰਟੀ 'ਤੇ ਹਨ। ਜੇਕਰ ਨਵੇਂ ਥਾਂ ਆਉਣ ਵੇਲੇ ਉੱਥੇ ਕੋਈ ਕਾਰਟ ਨਹੀਂ ਹਨ, ਜਾਂ ਤੁਸੀਂ ਨਵੇਂ ਬਣੇ ਘਰ ਵਿੱਚ ਜਾ ਰਹੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ 604-864-5640 ਜਾਂ carts@abbotsford.ca 'ਤੇ ਸੰਪਰਕ ਕਰੋ




## ਆਪਣੇ ਕਾਰਟਾਂ ਦਾ ਧਿਆਨ ਰੱਖੋ

ਆਪਣੇ ਕਾਰਟਾਂ 'ਤੇ ਆਪਣੇ ਪਤੇ ਵਾਲੇ ਲੇਬਲ ਲਗਾ ਲਉ। ਸਫੈਦ ਥਾਂ ਵਿੱਚ ਆਪਣਾ ਪਤਾ ਲਿਖਣ ਲਈ ਇੱਕ ਸਥਾਈ ਮਾਰਕਰ ਦੀ ਵਰਤੋਂ ਕਰੋ।

ਆਪਣਾ ਸੀਰੀਅਲ ਨੰਬਰ ਰਿਕਾਰਡ ਕਰੋ। ਤੁਹਾਡੇ ਕਾਰਟ ਦੇ ਸੱਜੇ ਪਾਸੇ ਇੱਕ ਸੀਰੀਅਲ ਨੰਬਰ ਹੁੰਦਾ ਹੈ ਜੋ ਤੁਹਾਡੇ ਕਾਰਟ ਦੀ ਪਛਾਣ ਕਰਨ ਲਈ ਵਿਲੱਖਣ ਹੁੰਦਾ ਹੈ। ਇਸ ਨੰਬਰ ਨੂੰ ਨੋਟ ਕਰੋ ਅਤੇ ਆਪਣੇ ਰਿਕਾਰਡ ਲਈ ਰੱਖੋ।

ਇਹ ਕਾਰਟ ਸਿਟੀ ਦੀ ਜਾਇਦਾਦ ਹਨ ਅਤੇ ਇੰਨ੍ਹਾਂ 'ਤੇ ਤੁਹਾਡੇ ਪਤੇ ਦੀ ਮਾਈਕ੍ਰੋ ਚਿੱਪ ਲਗਾਈ ਗਈ ਹੈ।

# ਕਾਰਟ ਸਬੰਧੀ ਨੁਕਤੇ

## 1 ਤੁਹਾਡੀ ਰੀਸਾਈਕਲ ਵਾਲੇ ਕਾਰਟ ਵਿੱਚ ਕੀ ਹੈ, ਇਹ ਮਤਲਬ ਰੱਖਦਾ ਹੈ।




ਖਿੱਚੇ ਜਾਣ ਵਾਲੀ ਪਲਾਸਟਿਕ, ਫੋਮ ਪੈਕੇਜਿੰਗ, ਕੱਚ, ਕਿਤਾਬਾਂ, ਜਾਂ ਹੋਰ ਚੀਜ਼ਾਂ ਜੋ ਰੀਸਾਈਕਲ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ, ਉਹ ਨਾ ਪਾਉ। ਇਹ ਅਸਵੀਕਾਰਯੋਗ ਸਮੱਗਰੀ ਦਾ ਨਤੀਜਾ ਤੁਹਾਡੇ ਕਾਰਟ ਦਾ ਨਾ ਚੁੱਕਿਆ ਜਾਣਾ ਬਣ ਸਕਦਾ ਹੈ।

## 2 ਰੀਸਾਈਕਲ ਯੋਗ ਸਮਾਨ ਨੂੰ ਬੈਗ ‘ਚ ਪਾ ਕੇ ਨਾ ਰੱਖੋ।



ਸਾਰੀਆਂ ਚੀਜ਼ਾਂ ਨੂੰ ਤੁਹਾਡੇ ਨੀਲੇ ਰੀਸਾਈਕਲ ਵਾਲੇ ਕਾਰਟ ਅੰਦਰ ਖੁੱਲ੍ਹੀਆਂ ਰੱਖਿਆ ਜਾਣਾ ਚਾਹੀਦਾ ਹੈ।

## 3 ਚਪਟੇ ਕਰੋ, ਭੰਨੋ ਤੋੜੋ ਅਤੇ ਦੱਬ ਕੇ ਇਕੱਠੇ ਕਰੋ।



ਗੱਤੇ ਨੂੰ ਚਪਟਾ ਕਰਨਾ ਅਤੇ ਚੀਜ਼ਾਂ ਨੂੰ ਕਾਰਟ ਵਿੱਚ ਰੱਖਣ ਤੋਂ ਪਹਿਲਾਂ ਭੰਨਣਾ ਤੋੜਨਾਂ ਅਤੇ ਦੱਬ ਕੇ ਇਕੱਠੀਆਂ ਕਰਨਾਂ ਤੁਹਾਨੂੰ ਕਾਰਟ ਦੇ ਅੰਦਰ ਵਧੇਰੇ ਸਮੱਗਰੀ ਪਾ ਸਕਣ ਵਿੱਚ ਮਦਦ ਕਰੇਗਾ।

## 4 ਆਪਣੇ ਕਾਰਟਾਂ ਨੂੰ ਜ਼ਿਆਦਾ ਨਾ ਭਰੋ!



ਬਾਹਰ ਡੁੱਲ੍ਹਦੇ ਕਾਰਟ ਚੁੱਕੇ ਨਹੀਂ ਜਾ ਸਕਦੇ। ਢੱਕਣ ਜ਼ਰੂਰ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ।

## 5 ਕੂੜਾ ਕਰਕਟ ਪੈਕ ਨਾ ਕਰੋ।



ਤੁਹਾਡੇ ਕਾਰਟਾਂ ਅੰਦਰ ਕੱਸ ਕੇ ਪੈਕ ਕੀਤੀ ਸਮੱਗਰੀ ਫਸ ਸਕਦੀ ਹੈ ਅਤੇ ਕਾਰਟ ਸਹੀ ਢੰਗ ਨਾਲ ਖਾਲੀ ਨਹੀਂ ਹੋ ਸਕੇਗਾ।

## 6 ਆਪਣੀ ਪੈਕੇਜਿੰਗ ਨੂੰ ਘਟਾਉ।



ਥੋਕ ਵਿੱਚ ਖਰੀਦਣਾ, ਮੁੜ ਵਰਤੋਂ ਯੋਗ ਕੰਟੇਨਰਾਂ ਦੀ ਵਰਤੋਂ ਕਰਨਾ, ਘੱਟ ਪੈਕੇਜਿੰਗ ਵਾਲੀਆਂ ਚੀਜ਼ਾਂ ਦੀ ਚੋਣ ਕਰਨਾ, ਅਤੇ ਚੀਜ਼ਾਂ ਦੀ ਮੁੜ ਵਰਤੋਂ ਕਰਨ ਨਾਲ ਤੁਹਾਨੂੰ ਪ੍ਰਬੰਧਨ ਕੀਤੇ ਜਾਣ ਵਾਲੀ ਸਮੱਗਰੀ ਦੀ ਮਾਤਰਾ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

## 7 ਜਾਣੋ ਕਿ ਕੀ ਕਿੱਥੇ ਜਾਂਦਾ ਹੈ!



ਸੈਂਕੜੇ ਕਿਸਮ ਦੀਆਂ ਚੀਜ਼ਾਂ ਦੇ ਨਿਪਟਾਰੇ ਦੀ ਜਾਣਕਾਰੀ ਲੱਭਣ ਲਈ ਵੇਸਟ ਵਿਜ਼ਾਰਡ ਦੀ ਵਰਤੋਂ ਕਰੋ! ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਰਾਹੀਂ ਵੇਸਟ ਵਿਜ਼ਾਰਡ ਤੱਕ ਪਹੁੰਚ ਕਰੋ ਜਾਂ ਵੇਖੋ।
**abbotsford.ca/wastewizard**


# ਕਾਰਟਾਂ ਦੀ ਵਰਤੋਂ ਕਰਨਾ

## 1 ਸਹੀ ਰੱਖੋ




ਕਾਰਟਾਂ ਨੂੰ ਇੰਜ ਰੱਖੋ ਕਿ ਢੱਕਣ ਉੱਪਰਲੇ ਤੀਰ ਦਾ ਮੂੰਹ ਸੜਕ ਵੱਲ ਨੂੰ ਹੋਵੇ ਅਤੇ ਪਹੀਏ ਕਰਬ ਵੱਲ ਹੋਣ।

## 2 ਇੰਨ੍ਹਾਂ ‘ਚ ਵਿੱਥ ਰੱਖੋ




ਯਕੀਨੀ ਬਣਾਉ ਕਿ ਤੁਹਾਡੇ ਕਾਰਟ ਸੜਕ ‘ਤੇ ਸਹੀ ਢੰਗ ਨਾਲ ਰੱਖੇ ਗਏ ਹਨ ਅਤੇ ਇੱਕ ਮੀਟਰ ਦੀ ਵਿੱਥ ‘ਤੇ ਹਨ। ਹਰੇਕ ਕਾਰਟ ਦੇ ਸਾਰੇ ਪਾਸੀਂ ਘੱਟੋ-ਘੱਟ 1 ਮੀਟਰ ਥਾਂ ਹੋਣੀ ਚਾਹੀਦੀ ਹੈ।

ਕਾਰਟ ਪਾਰਕ ਕੀਤੀਆਂ ਕਾਰਾਂ, ਬਿਜਲੀ ਵਗੈਰਾ ਦੇ ਖੰਭਿਆਂ, ਬਾਸਕਟਬਾਲ ਹੂਪਾਂ, ਫੈਂਸ ਆਦਿ ਤੋਂ 1 ਮੀਟਰ ਦੀ ਦੂਰੀ ‘ਤੇ ਹੋਣੇ ਚਾਹੀਦੇ ਹਨ। ਯਕੀਨੀ ਬਣਾਉ ਕਿ ਹਰੇਕ ਕਾਰਟ ਦੇ ਉੱਪਰ ਘੱਟੋ-ਘੱਟ 3 ਮੀਟਰ ਉਚਾਈ ਖਾਲੀ ਹੋਵੇ।

## 3 ਇੰਨ੍ਹਾਂ ਨੂੰ ਹਟਾ ਲਉ



ਚੁੱਕ ਲਏ ਜਾਣ ਤੋਂ ਬਾਅਦ ਖਾਲੀ ਕਾਰਟਾਂ ਨੂੰ ਕਰਬਸਾਈਡ ਤੋਂ ਹਟਾਉ ਅਤੇ ਉਹਨਾਂ ਨੂੰ ਆਪਣੀ ਪ੍ਰਾਪਰਟੀ ‘ਤੇ ਸੁਰੱਖਿਅਤ ਢੰਗ ਨਾਲ ਸਟੋਰ ਕਰੋ।



## ਫੌਰੀ ਨੁਕਤੇ

ਕਾਰਟ ਰੱਖਣ ਦੀਆਂ ਹੋਰ ਉਦਾਹਰਨਾਂ ਲਈ abbotsford.ca/waste 'ਤੇ ਜਾਉ



ਆਪਣੇ ਕਾਰਟ ਚੁੱਕੇ ਜਾਣ ਵਾਲੇ ਦਿਨ ਸਵੇਰੇ 7 ਵਜੇ ਤੱਕ ਆਪਣੇ ਕਰਬ ‘ਤੇ ਰੱਖੋ। ਚੁੱਕੇ ਜਾਣ ਤੋਂ ਪਹਿਲਾਂ ਦੀ ਰਾਤ ਆਪਣੇ ਕਾਰਟ ਬਾਹਰ ਨਾ ਰੱਖੋ।


# ਕਾਰਟ ਟਿਕਾਉਣਾ

ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ ਸਹੀ ਢੰਗ ਨਾਲ ਬਾਹਰ ਰੱਖਣਾ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਕਾਰਟ ਸੁਰੱਖਿਅਤ ਢੰਗ ਨਾਲ ਅਤੇ ਸਮਾਂ-ਸੂਚੀ ਅਨੁਸਾਰ ਚੁੱਕੇ ਜਾ ਸਕਦੇ ਹਨ। ਕਾਰਟਾਂ ਨੂੰ ਸਹੀ ਟਿਕਾਉਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਆਟੋਮੇਟਿਡ ਟਰੱਕ ਦੀ ਮਕੈਨੀਕਲ ਆਰਮ ਨੂੰ ਕਾਰਟ ਚੁੱਕਣ ਅਤੇ ਖਾਲੀ ਕਰਨ ਲਈ ਕਾਫ਼ੀ ਥਾਂ ਦੀ ਲੋੜ ਹੁੰਦੀ ਹੈ।

## ਫੌਰੀ ਨੁਕਤੇ


ਇੱਕ ਮੀਟਰ ਲਗਭਗ ਇੱਕ ਬਾਂਹ ਦੀ ਲੰਬਾਈ ਜਿੰਨਾ ਹੈ।
ਕਾਰਟਾਂ ਵਿਚਕਾਰ 1 ਮੀਟਰ ਵਿੱਥ ਰੱਖੋ


**ਕਾਰਟਾਂ ਵਿਚਕਾਰ 1 ਮੀਟਰ (3 ਫੁੱਟ)ਙ ਦੀ ਦੂਰੀ ਯਕੀਨੀ ਬਣਾਉ।**








**ਪਾਰਕ ਕੀਤੇ ਵਾਹਨਾਂ ਅਤੇ ਕਾਰਟਾਂ ਵਿਚਕਾਰ ਘੱਟੋ-ਘੱਟ 1 ਮੀਟਰ (3 ਫੁੱਟ) ਦੀ ਦੂਰੀ ਯਕੀਨੀ ਬਣਾਉ। ਗੱਡੀਆਂ ਦੇ ਬਹੁਤ ਨੇੜੇ ਰੱਖੇ ਕਾਰਟਾਂ ਨੂੰ ਚੁੱਕਿਆ ਨਹੀਂ ਜਾ ਸਕਦਾ।**



**ਯਕੀਨੀ ਬਣਾਉ ਕਿ ਕਾਰਟ ਕਿਸੇ ਸਾਈਡਵਾਕ ਜਾਂ ਬਾਈਕ ਲੇਨ ਨੂੰ ਨਾ ਰੋਕਦੇ ਹੋਣ। ਸਾਈਡਵਾਕ ਅਤੇ ਬਾਈਕ ਲੇਨ ਤੱਕ ਪਹੁੰਚ ਨੂੰ ਹਰ ਸਮੇਂ ਖਾਲੀ ਰੱਖਣ ਦੀ ਲੋੜ ਹੈ।**




**ਕਿਸੇ ਵੀ ਬਾਸਕਟਬਾਲ ਹੂਪ, ਬਿਜਲੀ ਵਗੈਰਾ ਦੇ ਖੰਭੇ, ਸਟਰੀਟ ਲਾਈਟ, ਫੈਂਸ ਆਦਿ ਤੋਂ ਘੱਟੋ-ਘੱਟ 1 ਮੀਟਰ (3 ਫੁੱਟ) ਦੀ ਖਾਲੀ ਵਿੱਥ ਯਕੀਨੀ ਬਣਾਉ। ਇਹਨਾਂ ਚੀਜ਼ਾਂ ਦੇ ਬਹੁਤ ਨੇੜੇ ਰੱਖੇ ਕਾਰਟਾਂ ਨੂੰ ਚੁੱਕਿਆ ਨਹੀਂ ਜਾ ਸਕਦਾ।**







# ਰੀਸਾਈਕਲਿੰਗ


## ਨੀਲੇ ਕਾਰਟਾਂ ਵਿੱਚ ਸਵੀਕਾਰ ਕੀਤਾ ਜਾਂਦਾ


ਡਾਕ, ਲਿਫ਼ਾਫ਼ੇ ਅਤੇ ਦਫ਼ਤਰੀ ਕਾਗਜ਼


ਮੈਗਜ਼ੀਨ ਕੈਟਾਲਾਗ ਅਤੇ ਫ਼ੋਨ ਬੁੱਕਾਂ




ਅਖਬਾਰਾਂ ਅਤੇ ਫਲਾਇਰ



ਬਾਕਸ ਬੋਰਡ ਪੈਕੇਜਿੰਗ





ਪੀਜ਼ਾ ਬਾਕਸ (ਸਿਰਫ਼ ਸਾਫ਼ ਬਾਕਸ)



ਮੋਮੀ ਬਾਕਸ ਬੋਰਡ



ਕਾਗਜ਼ ਦੇ ਉਤਪਾਦਨ (ਪਾਰਟੀ ਦੀ ਸਜਾਵਟ, ਤੋਹਫ਼ੇ ਦੇ ਬੈਗ, ਗਿਫਟ ਰੈਪ ਅਤੇ ਬਕਸੇ)


ਜੰਮੇ ਹੋਏ ਡਿਜ਼ਰਟ ਦੇ ਡੱਬੇ


ਪਲਾਸਟਿਕ ਦੀਆਂ


ਵੱਟਦਾਰ ਗੱਤੇ (ਫਿੱਟ ਕਰਨ ਲਈ ਚਪਟੇ ਕਰੋ)



ਗੇਬਲ-ਟੌਪ ਅਤੇ ਟੈਟਰਾ ਕੰਟੇਨਰ



ਐਲੂਮੀਨਮ ਫੌਇਲ ਅਤੇ ਪਾਈ ਪਲੇਟਾਂ


ਧਾਤੂ ਦੇ ਡੱਬੇ ਅਤੇ ਟੀਨ



ਖਾਲੀ ਐਰੋਸੋਲ ਕੈਨ


ਡੱਟ, ਟਾਪ, ਢੱਕਣ ਅਤੇ ਪੰਪ


ਪਲਾਸਟਿਕ ਦੇ ਪੀਣ ਵਾਲੇ ਕੱਪ ਅਤੇ ਢੱਕਣ


ਪਲਾਸਟਿਕ ਕਟਲਰੀ ਅਤੇ ਸਟ੍ਰਾਅ


ਸੁੱਟਣਯੋਗ ਪਲਾਸਟਿਕ ਹੈਂਗਰ


ਪਲਾਸਟਿਕ ਦੇ ਕੰਟੇਨਰ (ਜਾਰ, ਬਾਲਟੀਆਂ, ਪੌਟ, ਕਲੈਮਸ਼ੈੱਲ ਅਤੇ ਟੇਕਆਊਟ ਫੂਡ ਕੰਟੇਨਰ)


ਮੋੜਨਯੋਗ ਬੈਵਰੇਜ ਕੰਟੇਨਰ

**ਜੇਕਰ ਡਿੱਪੂ ਵਿੱਚ ਲਿਜਾਇਆ ਜਾਵੇ ਤਾਂ ਵਧੀਆ!**

## ਨੀਲੇ ਕਾਰਟਾਂ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ*


ਕੋਈ ਸ਼ੀਸ਼ਾ ਨਹੀਂ



ਕੋਈ ਪਲਾਸਟਿਕ ਬੈਗ ਨਹੀਂ (ਇੱਥੋਂ ਤੱਕ ਕਿ ਬਾਇਓਡੀਗ੍ਰੇਡੇਬਲ ਜਾਂ ਕੰਪੋਸਟੇਬਲ ਪਲਾਸਟਿਕ ਵੀ ਨਹੀਂ)


ਕੋਈ ਸਟਾਇਰੋਫੋਮ ਜਾਂ ਫੋਮ ਪੈਕੇਜਿੰਗ ਨਹੀਂ



ਕੋਈ ਚਿੱਪ ਬੈਗ ਅਤੇ ਰੈਪਰ ਨਹੀਂ


ਕੋਈ ਖਿੱਚੀ ਜਾਣ ਵਾਲੀ ਪਲਾਸਟਿਕ ਜਾਂ


ਕੋਈ ਖਤਰਨਾਕ ਕੂੜਾ ਕਰਕਟ ਨਹੀਂ



ਕੋਈ ਨਰਮ ਜਾਂ ਸਖ਼ਤ ਜ਼ਿਲਦ ਵਾਲੀਆਂ


ਕੋਈ ਪਲਾਸਟਿਕ ਦੇ ਖਿਡੌਣੇ ਨਹੀਂ


ਕੋਈ ਪੇਂਟ ਅਤੇ ਤੇਲ ਦੇ ਡੱਬੇ ਨਹੀਂ


ਕੋਈ ਕਾਲਾ ਗਾਰਬੇਜ ਬੈਗ ਜਾਂ ਨੀਲਾ ਰੀਸਾਈਕਲਿੰਗ ਬੈਗ ਨਹੀਂ


* ਤੁਹਾਡੇ ਨੀਲੇ ਕਾਰਟ ਵਿੱਚ ਅਸਵੀਕਾਰਯੋਗ ਸਮੱਗਰੀਆਂ ਦਾ ਨਤੀਜਾ ਇਹ ਹੋ ਸਕਦਾ ਕਿ ਤੁਹਾਡੇ ਕਾਰਟ ਨੂੰ ਚੁੱਕਿਆ ਨਾ ਜਾਵੇ ਜਾਂ ਸਿਟੀ ਦੇ ਸਾਲਿਡ ਵੇਸਟ ਮੈਨੇਜਮੈਂਟ ਬਾਈਲਾਅ 3114-2021 ਦੇ ਤਹਿਤ ਜੁਰਮਾਨਾ ਲਾਇਆ ਜਾ ਸਕਦਾ ਹੈ।.

# ਪ੍ਰਦੂਸ਼ਤਤਾ

ਅਸਵੀਕਾਰਯੋਗ ਸਮੱਗਰੀ ਜਿਵੇਂ ਪਲਾਸਟਿਕ ਬੈਗ, ਗਾਰਬੇਜ, ਕੰਪੋਸਟ ਅਤੇ ਖਤਰਨਾਕ ਸਮੱਗਰੀ (ਬੈਟਰੀਆਂ, ਪ੍ਰੋਪੇਨ ਕੈਨਿਸਟਰ, ਤਿੱਖਾ ਮੈਡੀਕਲ ਸਮਾਨ/ਸੂਈਆਂ), ਵਰਕਰਾਂ ਲਈ ਅਣਸੁਰੱਖਿਅਤ ਹਾਲਤਾਂ ਪੈਦਾ ਕਰਦੀ, ਅੱਡ ਅੱਡ ਕਰਨ ਵਾਲੀਆਂ ਮਸ਼ੀਨਾਂ ਦਾ ਨੁਕਸਾਨ ਕਰਦੀ ਅਤੇ ਸਮੱਗਰੀ ਦੀ ਕੁਆਲਿਟੀ ਨੂੰ ਅਤੇ ਉਸਦੀ ਰੀਸਾਇਕਲ ਯੋਗਤਾ ਨੂੰ ਘਟਾਉਂਦੀ ਹੈ। ਇੱਥੋਂ ਤੱਕ ਕਿ ਕੁਝ ਪ੍ਰਾਡਕਟਾਂ ਨਾਲ ਰਹਿ ਜਾਂਦੀ ਪੈਕੇਜਿੰਗ ਵੀ ਪ੍ਰਦੂਸ਼ਤਤਾ 'ਚ ਵਾਧਾ ਕਰਦੀ ਹੈ, ਇਸ ਲਈ ਆਪਣੇ ਕੰਟੇਨਰਾਂ ਨੂੰ ਕਾਰਟ ਵਿਚ ਸੁੱਟਣ ਤੋਂ ਪਹਿਲਾਂ ਥੋੜਾ ਹੰਗਾਲ ਲਓ।


## ਆਪਣੀ ਪ੍ਰਦੂਸ਼ਤਤਾ ਨੂੰ ਕਿਵੇਂ ਘੱਟ ਕਰਨਾ ਹੈ:

1




ਆਪਣੇ ਰੀਸਾਈਕਲਯੋਗ ਸਮਾਨ ਨੂੰ ਨੀਲੇ ਕਾਰਟ ਵਿੱਚ ਰੱਖਣ ਤੋਂ ਪਹਿਲਾਂ ਧੋਵੋ, ਸਾਫ਼ ਕਰੋ ਅਤੇ ਸੁਕਾਉ।

2



ਰੀਸਾਈਕਲਯੋਗ ਸਮਾਨ ਨੂੰ ਬੈਗ 'ਚ ਨਾ ਪਾਉ। ਆਈਟਮਾਂ ਨੂੰ ਸਿੱਧੇ ਨੀਲੇ ਕਾਰਟ ਵਿੱਚ ਰੱਖੋ।

3



ਭੋਜਨ, ਗਰੀਸ ਅਤੇ ਤਰਲ ਪਦਾਰਥਾਂ ਨਾਲ ਲਿਬੜੀਆਂ ਚੀਜ਼ਾਂ ਨੂੰ ਨੀਲੇ ਕਾਰਟ ਤੋਂ ਬਾਹਰ ਰੱਖੋ।

4



ਵੇਸਟ ਵਿਜ਼ਾਰਡ ਲੁੱਕ ਅੱਪ ਟੂਲ ਦੀ ਵਰਤੋਂ ਕਰੋ, ਜੇਕਰ ਤੁਹਾਨੂੰ ਪੂਰਾ ਯਕੀਨ ਨਹੀਂ ਹੋ ਕਿ ਕੋਈ ਚੀਜ਼ ਕਿੱਥੇ ਜਾਣੀ ਚਾਹੀਦੀ ਹੈ। ਵੇਸਟ ਵਿਜ਼ਾਰਡ ਆਨਲਾਈਨ **abbotsford.ca/wastewizard** 'ਤੇ ਜਾਂ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ 'ਤੇ ਮੁਫ਼ਤ ਉਪਲਬਧ ਹੈ।

### ਫੌਰੀ ਨੁਕਤੇ



ਕੂੜ-ਕਬਾੜ ਨੂੰ ਸਹੀ ਢੰਗ ਨਾਲ ਅੱਡ ਅੱਡ ਕਰੋ! ਜੇਕਰ ਤੁਹਾਡੇ ਰੀਸਾਇਕਲਿੰਗ ਕਾਰਟ ਵਿਚ ਬਹੁਤ ਸਾਰੀ ਗਲਤ ਕਿਸਮ ਦੀ ਸਮੱਗਰੀ ਪਾਈ ਗਈ ਹੈ ਤਾਂ ਹੋ ਸਕਦਾ ਤੁਹਾਡਾ ਕਾਰਟ ਚੁੱਕਿਆ ਨਾ ਜਾਵੇ। ਸਿਟੀ ਦੇ ਸਾਲਿਡ ਵੇਸਟ ਮੈਨੇਜਮੈਂਟ ਬਾਈਲਾਅ 3114-2021 ਤਹਿਤ ਰੀਸਾਈਲਿੰਗ ਵਾਲੇ ਕਾਰਟ 'ਚ ਨਾ-ਮਨਜ਼ੂਰ ਸਮੱਗਰੀ ਪਾਉਣ ਨਾਲ ਤੁਹਾਨੂੰ ਦੰਡ ਵੀ ਲਾਇਆ ਜਾ ਸਕਦਾ ਹੈ।

## ਆਪਣੀ ਰੀਸਾਈਕਲਯੋਗ ਸਮੱਗਰੀ ਨੂੰ ਤਿਆਰ ਕਿਵੇਂ ਕਰਨਾਂ:



**ਢੱਕਣ ਲਾਹ ਦਿਉ**



**ਥਾਂ ਦੀ ਬੱਚਤ ਲਈ ਸਮੱਗਰੀ ਨੂੰ ਚਪਟੀ ਸਪਾਟ ਕਰੋ**



**ਕੰਟੇਨਰ 'ਚ ਵਸਤਾਂ ਨੂੰ ਖੁੱਲ੍ਹੀਆਂ ਪਾਉ**



**ਕੁਤਰਾ ਕੀਤੇ ਪੇਪਰਾਂ ਨੂੰ ਪੇਪਰ ਬੈਗ ਜਾਂ ਬਕਸੇ 'ਚ ਪਾ ਕੇ ਰੱਖੋ**

# ਡਿਪੂ ਰੀਸਾਈਕਲਿੰਗ

ਇਹ ਵਸਤਾਂ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ 'ਚ ਮਨਜ਼ੂਰ ਨਹੀਂ ਹਨ ਅਤੇ ਇਹ ਕਿਸੇ ਰੀਸਾਇਕਲਿੰਗ ਡਿੱਪੂ ਜਾਂ ਸੁੱਟਣ ਵਾਲੀ ਕਿਸੇ ਹੋਰ ਥਾਂ 'ਤੇ ਮੁਫਤ ਸੁੱਟੀਆਂ ਜਾ ਸਕਦੀਆਂ ਹਨ। **abbotsford.ca/wastewizard** 'ਤੇ ਡਿੱਪੂ ਸਥਾਨਾਂ ਬਾਰੇ ਭਾਲ ਕਰੋ।


- ਸ਼ੀਸ਼ਾ (ਬੋਤਲਾਂ ਅਤੇ ਜਾਰ)
- ਫੋਮ ਪੈਕਜਿੰਗ (ਫੋਮ ਮੀਟ ਟਰੇਆਂ, ਟੇਕਆਊਟ ਕੰਟੇਨਰ, ਕੱਪ ਅਤੇ ਇਲੈਕਟ੍ਰਾਨਿਕਸ ਸਮਾਨ ਦੀ ਗੱਦੀਦਾਰ ਪੈਕੇਜਿੰਗ)
- ਪਲਾਸਟਿਕ ਬੈਗ (ਗਰੌਸਰੀ ਬੈਗ, ਨੀਲੇ ਰੀਸਾਈਕਲਿੰਗ ਬੈਗ ਅਤੇ ਵੈਕਿਊਮ ਸੀਲ ਬੈਗ)
- ਪਲਾਸਟਿਕ ਨੈੱਟ ਪੈਕੇਜਿੰਗ
- ਝੁਰੀਦਾਰ ਰੈਪਰ ਅਤੇ ਬੈਗ
- ਖੜੇ ਰੁਖ ਦੇ ਜ਼ਿੱਪਰ ਲਾਕ ਗੁਥਲੇ
- ਪਲਾਸਟਿਕ ਰੈਪ ਅਤੇ ਓਵਰਰੈਪ
- ਪਲਾਸਟਿਕ ਸੀਲ ਵਾਲੀ ਲਚਕਦਾਰ ਪੈਕੇਜਿੰਗ
- ਸੈਂਡਵਿਚ ਅਤੇ ਫ੍ਰੀਜ਼ਰ ਬੈਗ
- ਖਾਣਾ ਪਕਾਉਣ ਦੇ ਤੇਲ
- ਪੇਂਟ ਅਤੇ ਸਪਰੇਅ ਪੇਂਟ
- ਘੋਲਣਸ਼ੀਲ, ਜਲਣਸ਼ੀਲ ਅਤੇ ਕੀਟਨਾਸ਼ਕ
- ਬੈਟਰੀਆਂ
- ਲਾਈਟਿੰਗ ਅਤੇ ਲਾਈਟਿੰਗ ਸਟ੍ਰਿੰਗ
- ਬਿਜਲੀ ਬੱਲਬ
- ਥਰਮੋਸਟੈਟ ਅਤੇ ਸਮੋਕ ਅਲਾਰਮ
- ਛੋਟੇ ਇਲੈਕਟ੍ਰਾਨਿਕਸ ਅਤੇ ਸੈੱਲ ਫ਼ੋਨ
- ਸਕ੍ਰੈਪ ਧਾਤ
- ਦਵਾਈਆਂ ਅਤੇ ਤਿੱਖੀਆਂ ਵਸਤਾਂ
- ਛੋਟੇ ਉਪਕਰਣ ਅਤੇ ਪਾਵਰ ਟੂਲ
- ਟਾਇਰ
- ਬੇਵਰੇਜ ਕੰਟੇਨਰ
- ਪੋਲੀ ਗੱਦੀਦਾਰ ਪੈਕੇਜਿੰਗ ਅਤੇ ਬੁਲਬੁਲੇਦਾਰ ਰੈਪ
- ਵੱਡੇ ਉਪਕਰਨ
- ਕਸਰਤ ਵਾਲੀਆਂ ਮਸ਼ੀਨਾਂ
- ਆਊਟਡੋਰ ਪਾਵਰ ਟੂਲ
- ਪ੍ਰੋਪੇਨ ਟੈਂਕ
- ਪਲਾਸਟਿਕ ਡਰਾਪ ਸ਼ੀਟਾਂ ਜਾਂ ਕਵਰ

## ਫੌਰੀ ਨੁਕਤੇ

ਖਤਰਨਾਕ ਸਮਾਨ ਜਿਵੇਂ ਬੈਟਰੀਆਂ ਅਤੇ ਪ੍ਰੋਪੇਨ ਟੈਂਕੀਆਂ ਜਦੋਂ ਰੀਸਾਈਕਲ ਵਾਲੇ ਸਮਾਨ 'ਚ ਰੱਖੀਆਂ ਜਾਂਦੀਆਂ ਹਨ ਤਾਂ ਅੱਗ ਲਗਾ ਸਕਦੀਆਂ ਜਾਂ ਫਟ ਸਕਦੀਆਂ ਹਨ। ਯਕੀਨੀ ਬਣਾਉ ਕਿ ਇਹ ਵਸਤਾਂ ਸੁਰੱਖਿਅਤ ਢੰਗ ਨਾਲ ਰੀਸਾਈਕਲ ਕਰਨ ਲਈ ਹਮੇਸ਼ਾ ਕਿਸੇ ਡਿੱਪੂ 'ਤੇ ਲਿਜਾਈਆਂ ਜਾਣ।

# ਕੰਪੋਸਟਯੋਗ ਸਮੱਗਰੀ

## ਹਰੇ ਕਾਰਟਾਂ ‘ਚ ਸਵੀਕਾਰ



ਮੀਟ, ਹੱਡੀਆਂ ਅਤੇ ਮੱਛੀ




ਬਰੈਡ ਅਤੇ ਬੇਕ ਕੀਤੀਆਂ ਚੀਜ਼ਾਂ



ਪਾਸਤਾ ਅਤੇ ਅਨਾਜ




ਡੇਅਰੀ ਉਤਪਾਦਨ



ਪੇਪਰ ਬੈਗ ਅਤੇ ਅੰਦਰਸ



ਫਲ ਅਤੇ ਸਬਜ਼ੀਆਂ



ਅੰਡਿਆਂ ਦੇ ਛਿੱਕੜ, ਆਂਡੇ ਅਤੇ ਗਿਰੀਆਂ ਦੇ ਛਿਲਕੇ




ਪੀਠੀ ਕੌਫੀ ਅਤੇ ਫਿਲਟਰ, ਟੀ ਬੈਗ



ਪਲੇਟਾਂ ਦੀ ਰਹਿੰਦ-ਖੂੰਹਦ




ਸਲਾਦ ਅਤੇ ਡਰੈਸਿੰਗ



ਸੁੱਟਣਯੋਗ ਲੱਕੜੀ ਦੀਆਂ ਵਸਤਾਂ (ਪਾਪਸਿਕਲ ਸਟਿੱਕਾਂ, ਟੁੱਥਪਿੱਕਸ, ਚੌਪ ਸਟਿੱਕਾਂ ਅਤੇ ਕੱਟਲਰੀ)




ਕੌਂਡੀਮੈਂਟ, ਸੌਸਾਂ, ਗਰੇਵੀ ਅਤੇ ਜੈਮ




ਭੋਜਨ ਨਾਲ ਲਿੱਬੜੇ ਪੇਪਰ



ਥੋੜ੍ਹੀ ਮਾਤਰਾ ‘ਚ ਖਾਣਾ ਪਕਾਉਣ ਵਾਲਾ ਤੇਲ ਜਾਂ ਪੇਪਰਾਂ ‘ਚ ਜੀਰਿਆ ਥਿੰਦਾ



ਪੀਜ਼ਾ ਬਾਕਸ (ਲਿਬੜੇ ਹੋਏ)



ਕੱਟਿਆ ਘਾਹ, ਪੱਤੇ ਅਤੇ ਨਦੀਨ



ਟਾਹਣੀਆਂ



### ਫੌਰੀ ਨੁਕਤੇ

ਰਸੋਈ ਵਿਚਲੇ ਕੰਟੇਨਰ ਅਤੇ ਹਰੇ ਕਾਰਟ ਨੂੰ ਸਾਫ ਕਿਵੇਂ ਰੱਖਣਾ, ਇਸ ਬਾਰੇ ਨੁਕਤੇ ਲੈਣ ਲਈ ਵੇਖੋ **abbotsford.ca/carts.**

## ਹਰੇ ਕਾਰਟਾਂ ‘ਚ ਸਵੀਕਾਰ ਨਹੀਂ



ਕੋਈ ਪਲਾਸਟਿਕ ਬੈਗ ਨਹੀਂ (ਇਥੋਂ ਤੱਕ ਕਿ ਬਾਇਓਡੀਗਰੇਡੇਬਲ ਜਾਂ ਕੰਪੋਸਟੇਬਲ ਪਲਾਸਟਿਕ ਵੀ ਨਹੀਂ)



ਪਾਲਤੂਆਂ ਦਾ ਕੂੜ-ਕਬਾੜ ਜਾਂ ਬਿੱਲੀਆਂ ਦਾ ਗੰਦ ਮੰਦ ਨਹੀਂ



ਕੋਈ ਡਾਇਪਰ ਨਹੀਂ



ਕੋਈ ਸੈਨੇਟਰੀ ਵਾਈਪ ਜਾਂ ਸਫਾਈ ਵਾਲੇ ਵਾਈਪ ਨਹੀਂ


*ਅਸਵੀਕਾਰਨਯੋਗ ਸਮੱਗਰੀਆਂ ਨੂੰ ਸ਼ਾਮਲ ਕਰਨ ਦੇ ਨਤੀਜੇ ਵਜੋਂ ਤੁਹਾਡੇ ਕਾਰਟ ਨੂੰ ਚੁੱਕਣੋ ਛੱਡਿਆ ਜਾ ਸਕਦਾ ਹੈ ਜਾਂ ਸਿਟੀ ਦੇ ਸਾਲਿਡ ਵੇਸਟ ਮੈਨੇਜਮੈਂਟ ਬਾਈਲਾਅ, 3114-2021 ਦੇ ਤਹਿਤ ਜੁਰਮਾਨਾ ਜਾਰੀ ਕੀਤਾ ਜਾ ਸਕਦਾ ਹੈ।

# ਗਾਰਬੇਜ


## ਫੌਰੀ ਨੁਕਤੇ

ਸਾਰਾ ਸਮਾਨ ਜ਼ਰੂਰੀ ਤੌਰ 'ਤੇ ਕਾਰਟ ਦੇ ਵਿਚ ਢੱਕਣ ਬੰਦ ਕਰਕੇ ਰੱਖਿਆ ਜਾਵੇ। ਬਾਹਰ ਡੁੱਲ੍ਹਦੇ ਕਾਰਟ ਅਤੇ ਕਾਰਟਾਂ ਤੋਂ ਬਾਹਰ ਰੱਖਿਆ ਸਮਾਨ ਚੁੱਕਿਆ ਨਹੀਂ ਜਾਵੇਗਾ।


## ਸੁਰਮੇ ਰੰਗੇ ਕਾਰਟਾਂ 'ਚ ਸਵੀਕਾਰ ਸਮਾਨ




6 ਪੈਕ ਬੈਵਰੇਜ ਕੈਨਾਂ ਤੋਂ ਲੱਥੇ ਪਲਾਸਟਿਕ ਰਿੰਗ




ਟੁੱਟੀ ਹੋਈ ਚੀਨੀ ਜਾਂ ਕੱਚ ਦੇ ਬਰਤਨ




ਸਿਗਰਟਾਂ ਦੇ ਟੋਟੇ ਅਤੇ ਸੁਆਹ




ਡਾਇਪਰ (ਬੈਗ 'ਚ ਬੰਨ੍ਹੇ ਹੋਏ)




ਡਰਾਇਅਰ ਲਿੰਟ ਅਤੇ ਡਰਾਇਅਰ ਸ਼ੀਟਾਂ




ਬੇਬੀ ਵਾਈਪ ਅਤੇ ਕਲੀਨਿੰਗ ਵਾਈਪ




ਵੈਕਿਊਮ ਕਲੀਨਰ ਬੈਗ ਅਤੇ ਕੂੜਾ



ਪਲਾਸਟਿਕ ਹੈਂਗਰ



ਬਿੱਲੀਆਂ ਦਾ ਗੰਦ ਮੰਦ ਅਤੇ ਪਾਲਤੂਆਂ ਦਾ ਕੂੜ-ਕਬਾੜ (ਬੈਗ 'ਚ ਬੰਨ੍ਹੇ ਹੋਏ)




ਪਲਾਸਟਿਕ ਦੇ ਖਿਡੌਣੇ




ਪੀ ਵੀ ਸੀ/ਵਿਨਾਇਲ (ਪੀ ਵੀ ਸੀ ਪਾਈਪ ਅਤੇ ਵਿਨਾਇਲ ਸਾਈਡਿੰਗ)




ਕੰਪੋਸਟਯੋਗ ਅਤੇ ਬਾਇਓਡੀਗਰੇਡੇਬਲ ਪਲਾਸਟਿਕ ਬੈਗ



ਰੂੰ ਦੇ ਗੋਲੇ, ਫੰਬੇ, ਡੈਂਟਲ ਫਲਾਸ ਅਤੇ ਸੈਨੇਟਰੀ ਉਤਪਾਦਨ



ਸੁੱਟਣਯੋਗ ਮਾਸਕ ਅਤੇ ਦਸਤਾਨੇ



ਪਲਾਸਟਿਕ ਟੂੱਥਬਰੱਸ਼ ਅਤੇ ਟੁੱਥਪੇਸਟ ਟਿਊਬਾਂ

## ਫੌਰੀ ਨੁਕਤੇ

ਕਈ ਚੀਜ਼ਾਂ ਸੁੱਟ ਦੇਣ ਦੀ ਬਜਾਏ ਮੁੜ-ਵਰਤੋਂ ਲਈ ਛੱਡੀਆਂ ਜਾ ਸਕਦੀਆਂ ਜਾਂ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ। ਅਜਿਹੀਆਂ ਚੀਜ਼ਾਂ ਨੂੰ ਦੋਸਤਾਂ ਜਾਂ ਪਰਿਵਾਰਾਂ ਨੂੰ ਦੇਣ ਬਾਰੇ ਜਾਂ ਫੇਸਬੁੱਕ ਮਾਰਕੀਟਪਲੇਸ, ਕਰੇਗਜ਼ਲਿਸਟ, ਫਰੀਸਾਈਕਲ ਜਾਂ ਕਿਜੀਜੀ 'ਤੇ ਪਾਈਆਂ ਜਾਣ ਬਾਰੇ ਸੋਚੋ। ਲੈਂਡਫਿਲ 'ਚ ਜਾਣ ਵਾਲੇ ਕੂੜ-ਕਬਾੜ ਦੀ ਮਾਤਰਾ ਨੂੰ ਘਟਾਉਣ ਲਈ ਆਪਣਾ ਹਿੱਸਾ ਅਦਾ ਕਰੋ।

# ਜੰਗਲੀ ਜਾਨਵਰਾਂ ਦਾ ਕੂੜ-ਕਬਾੜ

## ਜੰਗਲੀ ਜਾਨਵਰਾਂ ਦੇ ਹੁੰਦਿਆਂ ਹੋਇਆਂ ਨਾਲ ਵੱਸਣਾ

ਬਹੁਤ ਸਾਰੇ ਜੰਗਲੀ ਜਾਨਵਰ ਜੋ ਐਬਟਸਫੋਰਡ 'ਚ ਟੱਕਰਦੇ ਹਨ ਉਨ੍ਹਾਂ ਨੂੰ ਅਸੀਂ ਆਪਣਾ ਕੂੜ ਕਬਾੜ ਅਤੇ ਉਨ੍ਹਾਂ ਨੂੰ ਸੱਦਾ ਦੇਣ ਵਾਲੇ ਹੋਰ ਪਦਾਰਥਾਂ ਨੂੰ ਸਹੀ ਢੰਗ ਨਾਲ ਨਿਪਟਾਉਣ ਦੀ ਆਪਣੀ ਜ਼ਿੰਮੇਵਾਰੀ ਸਮਝਣ ਦੁਆਰਾ ਰੋਕ ਸਕਦੇ ਹਾਂ। ਜੰਗਲੀ ਜੀਵ ਦਿਸਣ ਜਾਂ ਭਾਲੂਆਂ, ਕੂਗਰਾਂ ਅਤੇ ਕਯੋਟੀਆਂ ਦੇ ਟੱਕਰਨ ਦੀ ਕੰਜ਼ਰਵੇਸ਼ਨ ਅਫਸਰ ਸਰਵਿਸ ਦੀ ਰਿਪੋਰਟਿੰਗ ਲਾਈਨ 1-877-952-7277 'ਤੇ ਝਟਪਟ ਰਿਪੋਰਟ ਕਰਨੀ ਚਾਹੀਦੀ ਹੈ।

## ਗਾਰਬੇਜ ਅਤੇ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨਾਲ ਕਿਵੇਂ ਨਿਪਟਣਾ ਹੈ

**ਇਸ ਨੂੰ ਘਟਾਉ** – ਗਾਰਬੇਜ ਨਾਲ ਨਿਪਟਣ ਲਈ ਪਹਿਲੀ ਗੱਲ ਕਿ ਇਸਨੂੰ ਬਣਨ ਨਾ ਦਿੱਤਾ ਜਾਵੇ। ਗਾਰਬੇਜ ਅਤੇ ਖਾਧ ਪਦਾਰਥਾਂ ਦੇ ਕੂੜ-ਕਬਾੜ ਦੇ ਪੈਦਾ ਹੋਣ ਨੂੰ ਰੋਕਣ ਨਾਲ ਉਹ ਸਮੱਗਰੀ ਘੱਟ ਕਰਨ 'ਚ ਮਦਦ ਮਿਲੇਗੀ ਜਿਸ ਨਾਲ ਤੁਹਾਨੂੰ ਨਿਪਟਣਾ ਹੁੰਦਾ ਹੈ।

**ਇਸ ਨੂੰ ਸਟੋਰ ਕਰੋ** – ਕੂੜਾ ਚੁੱਕੇ ਜਾਣ ਦੀ ਸਵੇਰ ਤੋਂ ਪਹਿਲਾਂ ਤੱਕ ਸੜਕ ਕਿਨਾਰੇ ਰੱਖੀ ਜਾਣ ਵਾਲੀ ਸਮੱਗਰੀ ਨੂੰ ਅੰਦਰਵਾਰ ਜਾਂ ਕਿਸੇ ਸੁਰੱਖਿਅਤ ਥਾਂ 'ਤੇ ਰੱਖੀ ਰੱਖੋ।


**ਇਸਨੂੰ ਜਮਾਅ ਲਉ** – ਮੁਸ਼ਕ ਨੂੰ ਘਟਾਉਣ 'ਚ ਮਦਦ ਵਾਸਤੇ ਕੂੜਾ ਚੁੱਕੇ ਜਾਣ ਦੇ ਦਿਨ ਤੱਕ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਜਮਾਅ ਲਉ। ਮੁਸ਼ਕ ਅਤੇ ਖਿਲਾਰਾ ਘੱਟ ਕਰਨ ਲਈ ਤੁਸੀਂ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰਾਂ ਜਾਂ ਪੇਪਰ ਬੈਗਾਂ 'ਚ ਲਪੇਟਣਾ ਵੀ ਟਰਾਈ ਕਰ ਸਕਦੇ ਹੋ।

**ਇਸਨੂੰ ਸਾਫ ਕਰੋ** – ਕੂੜਾ ਚੁੱਕੇ ਜਾਣ ਤੋਂ ਬਾਦ ਹਲਕੇ ਸਾਬਣ ਜਾਂ ਸਿਰਕੇ ਨਾਲ ਕੰਟੇਨਰ ਨੂੰ ਹੰਗਾਲੋ ਜਾਂ ਧੋ ਲਉ। ਇਸ ਨਾਲ ਮੁਸ਼ਕ ਨੂੰ ਘਟਾਉਣ 'ਚ ਮਦਦ ਮਿਲੇਗੀ।

## ਜੰਗਲੀ ਜੀਵਾਂ ਨੂੰ ਖਿੱਚਣ ਵਾਲੀਆਂ ਹੋਰ ਚੀਜ਼ਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਵੇ



ਬਾਹਰ ਰੱਖੇ ਫਰੀਜ਼ਰ ਅਤੇ ਫਰਿੱਜ ਹਟਾ ਲਉ


ਪਾਲਤੂਆਂ ਦੇ ਫੂਡ ਨੂੰ ਹਮੇਸ਼ਾਂ ਅੰਦਰ ਰੱਖੋ


ਅਪਰੈਲ ਤੋਂ ਨਵੰਬਰ ਤੱਕ ਜਨਵਰਾਂ ਦੇ ਫੀਡਰ ਹਟਾ ਲਉ


ਫਲ ਜਿਸ ਵੇਲੇ ਵੀ ਪੱਕ ਜਾਣ, ਤੋੜ ਲਉ


ਹਰੇਕ ਵਾਰੀ ਵਰਤਣ ਪਿੱਛੋਂ ਬਾਰਬੀਕਿਊ ਨੂੰ ਸਾਫ ਕਰੋ


ਜ਼ਿੰਮੇਵਾਰੀ ਸਹਿਤ ਕੰਪੋਸਟ ਕਰੋ

### ਫੌਰੀ ਨੁਕਤੇ

ਆਪਣੀ ਕਮਿਊਨਿਟੀ ਨੂੰ ਸੁਰੱਖਿਅਤ ਰੱਖਣਾ ਇਕ ਸਾਂਝੀ ਜ਼ਿੰਮੇਵਾਰੀ ਹੈ! ਮਨੁੱਖਾਂ ਅਤੇ ਜੰਗਲੀ ਜੀਵਾਂ ਦੇ ਵਿਰੋਧਾਂ ਨੂੰ ਕਿਵੇਂ ਘਟਾਉਣਾ ਹੈ, ਇਸ ਬਾਰੇ ਜਾਣਕਾਰੀ ਲਈ **wildsafebc.ca** ਵੇਖੋ ਜਾਂ **abbotsford.ca/wildlife** ਚੈੱਕ ਕਰੋ।

**2024**
## ਕੁਲੈਕਸ਼ਨ ਕੈਲੰਡਰ
### ਸਿਟੀ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।

ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।

○ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।


□ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ **ਹੈ।**

**ਕੰਪੋਸਟਯੋਗ ਸਮਾਨ** ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।


ਇੰਕੁਆਰੀਆਂ ਲਈ:
**ਸਿਟੀ ਕੁਲੈਕਸ਼ਨ:**
604-864-5640
**sortyourwaste@abbotsford.ca**


# 2024 ਕੁਲੈਕਸ਼ਨ ਕੈਲੰਡਰ
## ਸਿਟੀ ਕੁਲੈਕਸ਼ਨ



## JANUARY

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## FEBRUARY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | | |

## MARCH

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## APRIL

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## MAY

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## JUNE

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

## JULY

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## AUGUST

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## SEPTEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## OCTOBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## NOVEMBER

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## DECEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**ਕੈਲੰਡਰ ਅਤੇ ਕੁਲੈਕਸ਼ਨ ਖੇਤਰ abbotsford.ca/collectionschedule 'ਤੇ ਆਨਲਾਈਨ ਵੇਖੇ ਜਾ ਸਕਦੇ ਹਨ।**

## 2024
## ਕੁਲੈਕਸ਼ਨ ਕੈਲੰਡਰ
### ਕਾਂਟਰੈਕਟਰ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।

ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।

○ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।


□ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ **ਹੈ।**

**ਕੰਪੋਸਟਯੋਗ ਸਮਾਨ** ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

ਇੰਕੁਆਰੀਆਂ ਲਈ:
**ਸਿਟੀ ਕੁਲੈਕਸ਼ਨ:**
604-864-5640
**sortyourwaste@**
**abbotsford.ca**

# 2024 ਕੁਲੈਕਸ਼ਨ ਕੈਲੰਡਰ
## ਕਾਂਟਰੈਕਟਰ ਕੁਲੈਕਸ਼ਨ



## JANUARY

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## FEBRUARY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | | |

## MARCH

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## APRIL

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## MAY

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## JUNE

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

## JULY

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## AUGUST

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## SEPTEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## OCTOBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## NOVEMBER

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## DECEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**ਕੈਲੰਡਰ ਅਤੇ ਕੁਲੈਕਸ਼ਨ ਖੇਤਰ abbotsford.ca/collectionschedule ‘ਤੇ ਆਨਲਾਈਨ ਵੇਖੇ ਜਾ ਸਕਦੇ ਹਨ।**

# ਮਹੱਤਵਪੂਰਨ ਜਾਣਕਾਰੀ

## ਕਈ ਸਾਰੇ ਸਰੋਤ ਮੌਜ਼ੂਦ ਹਨ ਜਿਹੜੇ ਕੂੜ ਕਬਾੜ ਦੀ ਦੁਨੀਆਂ ਨੂੰ ਛਾਂਟਣ 'ਚ ਤੁਹਾਡੀ ਮਦਦ ਕਰ ਸਕਦੇ ਹਨ!

**ਅਕਸਰ ਪੁੱਛੇ ਜਾਂਦੇ ਸਵਾਲ, ਕਾਰਟ ਟਿਕਾਉਣ ਦੀਆਂ ਵਧੀਕ ਉਦਾਹਰਨਾਂ ਅਤੇ ਆਪਣੇ ਕਾਰਟਾਂ ਨੂੰ ਵਰਤਣ ਬਾਰੇ ਨੁਕਤੇ ਤੇ ਤਰੀਕਿਆਂ ਸਮੇਤ ਪ੍ਰੋਗਰਾਮ ਬਾਰੇ ਜਾਣਕਾਰੀ ਲੈਣ ਲਈ abbotsford.ca/carts ਵੇਖੋ।**

**ਵੇਸਟ ਵਿਜ਼ਾਰਡ ਸਰਚ ਟੂਲ ਦੀ ਵਰਤੋਂ ਕਰਦਿਆਂ ਇਹ ਜਾਣੋ ਕਿ ਕਿਹੜਾ ਸਮਾਨ ਕਿੱਥੇ ਜਾਂਦਾ ਹੈ: abbotsford.ca/wastewizard**

ਆਪਣੇ ਸਵਾਲ **waste@abbotsford.ca** 'ਤੇ ਈਮੇਲ ਕਰੋ।

**ਕਰਬਸਾਈਡ ਕੁਲੈਕਸ਼ਨ ਹਾਟਲਾਈਨ: 604-864-5640**
ਸੋਮਵਾਰ - ਸ਼ੁੱਕਰਵਾਰ, ਸਵੇਰ 8 ਵਜੇ ਤੋਂ ਸ਼ਾਮ 4 ਵਜੇ ਤੱਕ (ਸਰਕਾਰੀ ਛੁੱਟੀਆਂ ਤੋਂ ਬਿਨਾਂ)


- ਸਰਵਿਸ ਬਾਰੇ ਸਮੱਸਿਆ ਜਾਂ ਚੁੱਕਣਾ ਖੁੰਝ ਜਾਣ ਬਾਰੇ ਰਿਪੋਰਟ ਕਰੋ
- ਨੁਕਸਾਨਗ੍ਰਸਤ ਜਾਂ ਗੁੰਮ ਗਏ ਕਾਰਟ ਬਾਰੇ ਰਿਪੋਰਟ ਕਰੋ
- ਨਵੇਂ ਬਣਾਏ ਘਰ ਵਾਸਤੇ ਕਾਰਟਾਂ ਲਈ ਬੇਨਤੀ ਕਰੋ
- ਵੱਖਰੇ ਸਾਈਜ਼ ਜਾਂ ਵੱਖਰੀ ਪ੍ਰਕਾਰ ਦੇ ਕਾਰਟ ਲਈ ਬੇਨਤੀ ਕਰੋ
- ਕਾਰਟ ਪ੍ਰੋਗਰਾਮ ਬਾਰੇ ਸਵਾਲ ਪੁੱਛੋ

**ਹੋਰ ਸਰੋਤ**
ਬੀ ਸੀ ਰੀਸਾਈਕਲਿੰਗ ਹਾਟਲਾਈਨ: 1-800-667-4321
ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਵਜੇ - ਸ਼ਾਮ 4 ਵਜੇ ਤੱਕ
BC Recyclepedia **rcbc.ca**

## ਸਾਡੇ ਕੋਲ ਉਸ ਵਾਸਤੇ ਐਪਸ ਹਨ!
ਉਸ ਨੂੰ ਸਮੇਂ ਸਿਰ ਸੜਕ ਕਿਨਾਰੇ ਰੱਖਣ 'ਚ ਮਦਦ ਕਰਨ ਵਾਸਤੇ।

ਕੂੜਾ ਚੁੱਕੇ ਜਾਣ ਦੇ ਦਿਨ ਨੂੰ ਮੁੜ ਕਦੇ ਨਾ ਖੁੰਝਾਉ! ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਤੁਹਾਨੂੰ ਕੂੜਾ ਚੁੱਕੇ ਜਾਣ ਦੀ ਸਮਾਂ-ਸੂਚੀ ਤੱਕ ਪਹੁੰਚ ਪ੍ਰਦਾਨ ਕਰਦੀ, ਚੁੱਕੇ ਜਾਣ ਦੇ ਦਿਨ ਬਾਰੇ ਯਾਦ ਕਰਵਾਉਂਦੀ ਅਤੇ ਸਰਵਿਸ ਬਾਰੇ ਚਿਤਾਵਣੀਆਂ ਦਿੰਦੀ ਹੈ। ਇਸ ਦੇ ਨਾਲ ਹੀ, ਰੀਸਾਈਕਲ ਕਰਨ ਬਾਰੇ ਵੇਸਟ ਵਿਜ਼ਾਰਡ ਤੱਕ ਪਹੁੰਚ ਪ੍ਰਦਾਨ ਕਰਦੀ ਅਤੇ ਸੈਂਕੜੇ ਵਸਤਾਂ ਨੂੰ ਸੁੱਟਣ ਬਾਰੇ ਜਾਣਕਾਰੀ ਦਿੰਦੀ ਹੈ। ਸਿਟੀ ਸੇਵਾਵਾਂ ਬਾਰੇ @abbotsford ਮੁਫਤ ਐਪ ਚੁੱਕਣਾ ਖੁੰਝਣ ਬਾਰੇ ਰਿਪੋਰਟ ਕਰ ਸਕਦੀ, ਕਾਰਟ ਦੀ ਮੁਰੰਮਤ ਦੀ ਬੇਨਤੀ ਕਰ ਸਕਦੀ ਜਾਂ ਸੜਕ ਕਿਨਾਰਿਉਂ ਕੂੜਾ ਚੁੱਕਣ ਸਬੰਧੀ ਹੋਰ ਸਮੱਸਿਆਵਾਂ ਦੀ ਰਿਪੋਰਟ ਕਰ ਸਕਦੀ ਹੈ।

**ਐਪਾਂ ਡਾਊਨਲੋਡ ਕਰਨ ਅਤੇ ਵੇਸਟ ਵਿਜ਼ਾਰਡ ਤੱਕ ਹੁੰਚ ਲਈ ਸਕੈਨ ਕਰੋ!**




ਇਹ ਜਾਣਕਾਰੀ ਬਹੁਤ ਜ਼ਰੂਰੀ ਹੈ। ਕ੍ਰਿਪਾ ਕਰਕੇ ਕਿੱਸੇ ਕੋਲੋਂ ਇਸਦੀ ਟਰਾਂਸਲੇਸ਼ਨ (ਅਨੁਵਾਦ) ਕਰਵਾ ਲਵੋ। ਓਨੁਵਾਦ ਕੀਤੀ ਗਈ ਜਾਣਕਾਰੀ abbotsford.ca/collectionschedule ਤੇ ਉਪਲਬਧ ਹੈ।

# ਮਹੱਤਵਪੂਰਨ ਜਾਣਕਾਰੀ

## ਵਾਧੂ ਕੂੜ ਕਬਾੜ

ਕੂੜ ਕਬਾੜ ਵਾਧੂ ਹੈ? ਆਪਣੇ ਵਾਧੂ ਰੀਸਾਈਕਲ, ਕੰਪੋਸਟ ਜਾਂ ਗਾਰਬੇਜ ਦਾ ਪ੍ਰਬੰਧਨ ਕਿਵੇਂ ਕਰਨਾਂ, ਇਸ ਬਾਰੇ ਰਾਵਾਂ ਲੈਣ ਲਈ **abbotsford.ca/excesswaste** ਵੇਖੋ।

## ਕੂੜਾ ਚੁੱਕਣਾ ਖੁੰਝ ਜਾਣਾ

**ਆਮ ਕਾਰਨ ਕਿ ਤੁਹਾਡਾ ਕੂੜਾ ਕਿਉਂ ਨਹੀਂ ਚੁੱਕਿਆ ਗਿਆ, ਉਹ ਹਨ:**

- ਕਾਰਟ 7:00 ਵਜੇ ਸਵੇਰ ਤੱਕ ਸੜਕ ਕਿਨਾਰੇ ਨਹੀਂ ਸੀ ਰੱਖਿਆ ਗਿਆ
- ਕਾਰਟ ਬਾਹਰ ਡੁੱਲ੍ਹ ਰਿਹਾ ਸੀ ਜਾਂ ਉਸਦਾ ਢੱਕਣ ਬੰਦ ਨਹੀਂ ਸੀ ਕੀਤਾ ਗਿਆ
- ਕਾਰਟ ਵਿਚ ਨਾ-ਮਨਜ਼ੂਰ ਕਿਸਮ ਦੀ ਸਮੱਗਰੀ ਪਾਈ ਹੋਈ ਸੀ
- ਕੂੜ-ਕਬਾੜ ਕਾਰਟ ਦੇ ਪੂਰੀ ਤਰ੍ਹਾਂ ਅੰਦਰਵਾਰ ਨਹੀਂ ਸੀ
- ਕਾਰਟ ਤੱਕ ਪਾਰਕ ਕੀਤੀ ਹੋਈ ਕਾਰ, ਯੁਟਿਲਿਟੀ ਦੇ ਖੰਭੇ ਜਾਂ ਹੋਰ ਕਿਸੇ ਰੁਕਾਵਟ ਕਾਰਨ ਪਹੁੰਚ ਰੁਕੀ ਹੋਈ ਸੀ
- ਕਾਰਟ ਕਿਸੇ ਹੋਰ ਕਾਰਟ, ਪਾਰਕ ਕੀਤੀ ਹੋਈ ਕਾਰ ਜਾਂ ਕਿਸੇ ਹੋਰ ਰੁਕਾਵਟ ਦੇ ਬਹੁਤ ਨੇੜੇ ਸੀ
- ਭਾਲੂ-ਰੋਕੂ ਕਾਰਟ ਉੱਪਰਲੇ ਕਲਿੱਪ ਖੋਲ੍ਹੇ ਨਹੀਂ ਸੀ ਗਏ

**ਜੇਕਰ ਉਪਰਲੇ ਕਾਰਨਾਂ 'ਚੋਂ ਕੋਈ ਲਾਗੂ ਨਾ ਹੁੰਦਾ ਹੋਵੇ ਤਾਂ ਤੁਸੀਂ ਹੇਠ ਲਿਖਿਆਂ 'ਚੋਂ ਕਿਸੇ ਵੀ ਤਰੀਕੇ ਨਾਲ ਕੂੜਾ ਚੁੱਕਣ ਦੇ ਖੁੰਝ ਜਾਣ ਦੀ ਰਿਪੋਰਟ ਕਰ ਸਕਦੇ ਹੋ:**

- ਵੈੱਬਸਾਈਟ: **abbotsford.ca/service**
- ਸਿਟੀ ਸਰਵਿਸਿਜ਼ ਐਪ: **@Abbotsford**
- 604-864-5640

## ਬਰਫਬਾਰੀ ਅਤੇ ਜੰਮੀ ਬਰਫ 'ਚ ਕੂੜਾ ਚੁੱਕਣ ਦੀਆਂ ਸੇਵਾਵਾਂ

ਸੇਵਾ ਪ੍ਰਦਾਨ ਕਰਨਾ ਸਾਡੀ ਸਰਵਉੱਚ ਤਰਜੀਹ ਹੈ, ਪਰੰਤੂ ਬਰਫਬਾਰੀ ਅਤੇ ਜੰਮੀ ਬਰਫ ਵਾਲੀਆਂ ਹਾਲਤਾਂ ਦੌਰਾਨ ਸੜਕ ਕਿਨਾਰਿਉਂ ਕੂੜਾ ਚੁੱਕਣ 'ਚ ਵਿਘਨ ਪੈ ਸਕਦਾ ਹੈ। ਜੇਕਰ ਅਜਿਹਾ ਵਾਪਰੇ ਤਾਂ ਕੂੜਾ ਚੁੱਕੇ ਜਾਣ ਨਾਲ ਸਬੰਧਤ ਜਾਣਕਾਰੀ ਵਾਸਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਹੈ। ਇਹ ਐਪ ਕਿਸੇ ਵੀ ਸਮਾਰਟ ਡਿਵਾਈਸ 'ਤੇ ਐਪ ਸਟੋਰ ਜਾਂ ਗੂਗਲ ਪਲੇਅ ਤੋਂ ਮੁਫਤ ਡਾਊਨਲੋਡ ਕੀਤੀ ਜਾ ਸਕਦੀ ਹੈ (ਮਗਰਲੇ ਸਫੇ 'ਤੇ ਕਿਊ ਆਰ ਕੋਡ ਵੇਖੋ)। ਕੂੜਾ ਚੁੱਕਣ 'ਚ ਕਿਸੇ ਵੀ ਦੇਰੀ ਜਾਂ ਸੇਵਾ ਕੈਂਸਲ ਹੋਣ ਬਾਰੇ ਤਾਜ਼ਾ ਐਡਵਾਇਜ਼ਰੀ ਸਿਟੀ ਦੇ ਵੈਬਸਾਈਟ **abbotsford.ca** 'ਤੇ ਵੀ ਪਾਈ ਜਾਂਦੀ ਹੈ।

## ਛੁੱਟੀਆਂ ਦਾ ਕੂੜ-ਕਬਾੜ ਘਟਾਉਣਾ

ਮੌਸਮੀ ਛੁੱਟੀਆਂ ਜਿਵੇਂ ਕਿ ਹੈਲੋਵੀਨ ਜਾਂ ਕ੍ਰਿਸਮਿਸ ਭਾਵੇਂ ਮੌਜ ਮੇਲਾ ਅਤੇ ਆਨੰਦ ਲਿਆਉਂਦੀਆਂ ਹਨ ਪਰੰਤੂ ਇਹ ਕੂੜ-ਕਬਾੜ ਦੀ ਵੱਡੀ ਮਾਤਰਾ ਵੀ ਪੈਦਾ ਕਰਦੀਆਂ ਹਨ। ਖੁਣੇ ਹੋਏ ਹਲਵਾ ਕੱਦੂਆਂ ਤੋਂ ਲੈ ਕੇ ਲਪੇਟਣ ਵਾਲੇ ਪੇਪਰਾਂ ਤੱਕ ਬਾਰੇ ਇਹ ਸਿੱਖੋ ਕਿ ਛੁੱਟੀਆਂ ਦੀ ਰੁੱਤ ਦੌਰਾਨ ਕੂੜ-ਕਬਾੜ ਨੂੰ ਕਿਵੇਂ ਘਟਾਉਣਾ ਹੈ। **abbotsford.ca/reducewaste** 'ਤੇ ਜਾ ਕੇ ਕੂੜ-ਕਬਾੜ ਘਟਾਉਣ ਬਾਰੇ ਨੁਕਤੇ ਪ੍ਰਾਪਤ ਕਰੋ।

.

Never miss a collection day! Download the free **Abbotsford Curbside Collection app** to get collection day reminders and service alerts.

**abbotsford.ca/waste**

**SCAN THE CODE**
to download the apps and access the Waste Wizard!

ABBOTSFORD

**CITY OF ABBOTSFORD**
32315 South Fraser Way
Abbotsford, BC V2T 1W7